Weekly

# CANADA SIKH TIMES

29 October - 4 November, 2023

ਕੈਨੇਡਾ ਸਿੱਖ ਟਾਈਮਜ਼

Volume 1 Issue 22

• RELIGION • CULTURE • HERITAGE • BUSINESS


## Waterloo names triple alum Dr. Jagdeep Singh Bachher as chancellor



Jagdeep Singh Bachher is chief investment officer and vice president of investments at the 10-campus University of California, where he oversees an investment portfolio of $164 billion. He is a triple alum of the University of Waterloo, having earned a Bachelor of Applied Science, Mechanical Engineering in 1993, a Master of Applied Science, Management Sciences in 1994, and a Doctor of Philosophy in Management Sciences in 2000.

"Jagdeep exemplifies the type of dynamic leader that the University of Waterloo develops: a champion of curiosity, exploration, risk-taking, entrepreneurship, global stewardship and leadership," said Vivek Goel, president and vice-chancellor. "At the University of California, he fosters the same values that Waterloo extols, including a commitment to sustainable investing and a dedication to equity, diversity and inclusion."

## ਮਹਾਨ ਸਪਿੰਨਰ ਸਰਦਾਰ ਬਿਸ਼ਨ ਸਿੰਘ ਬੇਦੀ ਦਾ ਹੋਇਆ ਦੇਹਾਂਤ



ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਤੇ ਦੇਸ਼ ਦੇ ਮਹਾਨ ਸਪਿੰਨਰ ਬਿਸ਼ਨ ਸਿੰਘ ਬੇਦੀ ਦਾ ਲੰਮੀ ਬਿਮਾਰੀ ਮਗਰੋਂ 24 ਅਕਤੂਬਰ, 2023 ਨੂੰ ਦੇਹਾਂਤ ਹੋ ਗਿਆ ਹੈ। ਉਹ 77 ਸਾਲਾ ਦੇ ਸਨ। ਬੇਦੀ ਦਾ ਜਨਮ 1946 ਵਿੱਚ ਅੰਮ੍ਰਿਤਸਰ ਵਿੱਚ ਹੋਇਆ ਸੀ। ਖੱਬੂ ਸਪਿੰਨਰ ਬੇਦੀ ਨੇ ਭਾਰਤ ਲਈ 67 ਟੈਸਟ ਮੈਚ ਖੇਡੇ ਤੇ 266 ਵਿਕਟਾਂ ਹਾਸਲ ਕੀਤੀਆਂ। ਉਨ੍ਹਾਂ ਪਾਰੀ ਵਿੱਚ 14 ਵਾਰ ਪੰਜ ਵਿਕਟਾਂ ਅਤੇ ਮੈਚ ਵਿੱਚ ਇੱਕ ਵਾਰ 10 ਵਿਕਟਾਂ ਹਾਸਲ ਕੀਤੀਆਂ। ਉਹ 22 ਟੈਸਟ ਮੈਚਾਂ ਵਿੱਚ ਭਾਰਤੀ ਟੀਮ ਦੇ ਕਪਤਾਨ ਵੀ ਰਹੇ। ਉਹ 1966 ਤੇ 1978 ਵਿਚਾਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੱਕ ਭਾਰਤੀ ਗੇਂਦਬਾਜ਼ੀ ਦਾ ਅਹਿਮ ਹਿੱਸਾ ਰਹੇ। ਬੇਦੀ 1990 'ਚ ਨਿਊਜ਼ੀਲੈਂਡ ਤੇ ਇੰਗਲੈਂਡ ਦੌਰੇ ਦੌਰਾਨ ਕੁਝ ਸਮੇਂ ਲਈ ਭਾਰਤੀ ਕ੍ਰਿਕਟ ਟੀਮ ਦੇ ਮੈਨੇਜਰ ਵੀ ਰਹੇ। ਉਹ ਕੌਮੀ ਚੋਣਕਾਰ ਹੋਣ ਦੇ ਨਾਲ ਨਾਲ ਮਨਿੰਦਰ ਸਿੰਘ ਤੇ ਮੁਰਲੀ ਕਾਰਤਿਕ ਜਿਹੇ ਕਈ ਸ਼ਾਨਦਾਰ ਸਪਿੰਨਰਾਂ ਦੇ ਗੁਰੂ ਵੀ ਸਨ। ਬਿਸ਼ਨ ਸਿੰਘ ਬੇਦੀ ਨੇ ਪਹਿਲੀ ਸ਼੍ਰੇਣੀ ਕ੍ਰਿਕਟ ਵਿੱਚ 1560 ਵਿਕਟਾਂ ਹਾਸਲ ਕੀਤੀਆਂ ਜੋ ਕਿਸੇ ਵੀ ਹੋਰ ਭਾਰਤੀ ਖਿਡਾਰੀ ਨਾਲੋਂ ਵੱਧ ਹਨ। ਉਨ੍ਹਾਂ ਦਿੱਲੀ ਲਈ ਘਰੇਲੂ ਕ੍ਰਿਕਟ ਵੀ ਖੇਡਿਆ। ਉਨ੍ਹਾਂ ਨੂੰ 1970 ਵਿੱਚ ਪਦਮਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

## ਤੁਲਨਾ ਤੋਂ ਸ਼ੁਕਰਾਨੇ ਤੱਕ




ਅੱਜਕਲ ਦੀ ਆਧੁਨਿਕ ਜ਼ਿੰਦਗੀ ਵਿਚ ਆਮਤੌਰ ਤੇ ਮਨੁੱਖ ਕਈ ਤਰ੍ਹਾਂ ਦੇ ਮਾਨਸਿਕ ਰੋਗਾਂ ਜਿਵੇਂ ਉਦਾਸੀਨਤਾ (Depression), ਚਿੰਤਾ ਤੇ ਕੱਲੇਪਨ ਦਾ ਸ਼ਿਕਾਰ ਹੋ ਰਿਹਾ ਹੈ। ਇਸ ਪਿੱਛੇ ਇਕ ਮੁੱਖ ਕਾਰਣ ਇਹ ਹੈ ਕਿ ਪਦਾਰਥਕ ਜੀਵਨ ਜੀਊਂਦਾ ਮਨੁੱਖ ਆਪਣੇ ਸਮਾਜ ਵਿਚ ਨਾਬਰਾਬਰੀ ਦੇ ਵਹਿਮ ਦਾ ਸ਼ਿਕਾਰ ਹੋਇਆ ਮਹਿਸੂਸ ਕਰਦਾ ਹੈ। ਭਾਵ ਉਹ ਵਸਤੂਆਂ ਜਾਂ ਦੁਨਿਆਵੀ ਸ਼ੋਹਰਤ ਨੂੰ ਮੁੱਖ ਰੱਖਦਿਆਂ ਹੋਇਆਂ ਖੁਦ ਦੀ ਦੂਜਿਆਂ ਨਾਲ ਤੁਲਨਾ ਕਰਦਾ ਹੈ ਤੇ ਆਪਣਾ ਮਿਆਰ ਘੱਟ ਹੋਣ ਤੇ ਮਾਨਸਿਕ ਪੱਧਰ ਤੇ ਰੋਗੀ ਬਣ ਜਾਂਦਾ ਹੈ। ਮਨੁੱਖ ਦਾ ਇਸ ਸਥਿਤੀ ਚੋਂ ਨਿਕਲਣ ਦਾ ਇਕੋ ਇਕ ਰਾਹ ਗੁਰਬਾਣੀ ਹੈ ਜੋ ਕਿ ਮਨੁੱਖ ਨੂੰ ਤੁਲਨਾ ਕਰਨ ਤੋਂ ਵਰਜਦੀ ਨਹੀਂ ਸਗੋਂ ਤੁਲਨਾ ਦਾ ਵੱਲ ਸਿਖਾਉਂਦੀ ਹੈ। ਗੁਰਬਾਣੀ ਮੁਤਾਬਿਕ ਤੁਲਨਾ ਹਮੇਸ਼ਾਂ ਆਪਣੇ ਤੋਂ ਗਰੀਬ ਤੇ ਅੰਗਹੀਨ ਨਾਲ ਕਰੋ ਤਾਂ ਜੋ ਸੋਝੀ ਆਵੇ ਕਿ ਦੁਨੀਆ ਤੇ ਉਹ ਵੀ ਜਿਊ ਰਹੇ ਹਨ ਜਿਹਨਾਂ ਨੂੰ ਦੋ ਵਕਤ ਭੋਜਨ ਵੀ ਨਸੀਬ ਨਹੀਂ ਹੁੰਦਾ ਤੇ ਸਾਨੂੰ ਤਾਂ ਰੱਬ ਨੇ ਹਰ ਪੱਖੋਂ ਸਮਰੱਥ ਬਣਾਇਆ ਹੈ। ਅਜਿਹੀ ਸੋਚ ਨਾਲ ਹੀ ਮਨੁੱਖ ਅੰਦਰ ਸ਼ੁਕਰਾਨੇ ਦਾ ਭਾਵ ਪੈਦਾ ਹੁੰਦਾ ਹੈ, ਜਿਸਦਾ ਸਿੱਖ ਮਤ ਵਿਚ ਬਹੁਤ ਮਹੱਤਵਪੂਰਨ ਸਥਾਨ ਹੈ। ਆਓ ਗੁਰੂ ਗ੍ਰੰਥ ਸਾਹਿਬ ਦੀ ਰਹਨੁਮਾਈ ਵਿਚ ਤੁਲਨਾ ਦੇ ਸੰਕਲਪ ਨੂੰ ਸਮਝਦਿਆਂ ਹੋਇਆਂ ਸ਼ੁਕਰਾਨੇ ਦੀ ਅਵਸਥਾ ਤੱਕ ਪੁਜੀਏ।

– ਪੁਸਤਕ **ਆਗਾਹਾ ਕੂ ਤ੍ਰਾਘਿ** 'ਚੋਂ

# DESH VIDESH

## ਸੱਚੀ ਸੁੱਚੀ ਕਿਰਤ

– ਮਹਿੰਦਰ ਸਿੰਘ ਹੋਰਾਂ*



ਗੁਰਸਿੱਖੀ ਵਿੱਚ ਕਿਰਤ ਨੂੰ ਬਹੁਤ ਹੀ ਮਹੱਤਤਾ ਦਿੱਤੀ ਗਈ ਹੈ। ਗੁਰੂ ਨਾਨਕ ਸਾਹਿਬ ਜੀ ਨੇ ਇਸ ਨੂੰ ਪਹਿਲਾ ਅਸਥਾਨ ਬਖਸ਼ਿਆ ਹੈ। ਨੇਕ ਤੇ ਸੁੱਚੀ ਕਿਰਤ ਕਰਨੇ ਵਾਲੇ ਮਨੁੱਖ ਦੀ ਹਰ ਪਾਸੇ ਇੱਜਤ ਹੈ। ਕਿਉਂਕਿ ਕਿਰਤ ਕਰਕੇ ਜੀਵਿਕਾ ਕਮਾਨ ਵਾਲਾ ਕਿਸੇ ਤੇ ਭਾਰ ਨਹੀਂ ਬਣਦਾ ਸਗੋਂ ਆਪਣੇ ਕਿਰਤ ਕਮਾਈ ਵਿੱਚੋਂ ਕੁਛ ਦਾਨ- ਪੁੰਨ ਕਰਕੇ ਉਹ ਦੂਜਿਆਂ ਲਈ ਵੀ ਸਹਾਈ ਹੁੰਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਨੇਕ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦਾ ਉਪਦੇਸ਼ ਦਿੱਤਾ ਹੈ। "ਨੇਕ ਕਿਰਤ" ਨਾਲ ਮਨੁੱਖ ਆਪਣੇ ਪਰਿਵਾਰ ਵਿੱਚ ਇੱਜਤ ਪਾਉਂਦਾ ਹੈ। "ਵੰਡ ਛਕਣ" ਨਾਲ ਉਹ ਆਪਣੇ ਸਮਾਜ ਵਿੱਚ ਚੰਗਾ ਸਮਝਿਆ ਜਾਂਦਾ ਹੈ, ਅਤੇ "ਨਾਮ ਜਪਣ" ਨਾਲ ਪਰਮਾਤਮਾ ਦੀ ਹਜੂਰੀ ਵਿੱਚ ਆਦਰ ਮਾਨ ਨਾਲ ਪਰਵਾਨਿਆ ਜਾਂਦਾ ਹੈ। ਇਸ ਬਾਰੇ ਗੁਰਬਾਣੀ ਦਾ ਉਪਦੇਸ਼ ਹੈ –

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥** (ਅੰਗ ੧੨੪੫)

ਜਿਸ ਨੇ ਧਰਮ ਦੇ ਸਿਧਾਂਤਾਂ ਅਨੁਸਾਰ ਕਮਾਈ ਕੀਤੀ ਹੋਈ ਹੈ ਉਸ ਦਾ ਨਾਂ ਉੱਚਾ ਹੁੰਦਾ ਹੈ। ਗੁਰਬਾਣੀ ਦਾ ਸਪਸ਼ਟ ਫਰਮਾਨ ਹੈ: "ਜੈਸਾ ਬੀਜੇ ਤੈਸਾ ਖਾਵੈ" ਕਿਰਤ ਕਮਾਈ ਤੇ ਉਹੀ ਕੰਮ ਹੀ ਕਰਨੇ ਚਾਹੀਦੇ ਹਨ ਜੋ ਸਦਾਚਾਰਕ ਤੌਰ ਤੇ ਸਮਾਜ ਵਿੱਚ ਪਰਵਾਨ ਹੋਣ ਅਤੇ ਆਤਮਿਕ ਤੌਰ ਤੇ ਸ਼ਲਾਘਾ-ਯੋਗ ਹੋਣ। ਗੁਰੂ ਨਾਨਕ ਸਾਹਿਬ ਨੇ "ਮੂਲ- ਮੰਤਰ" ਵਿੱਚ ਅਕਾਲ ਪੁਰਖ ਨੂੰ "ਕਰਤਾ-ਪੁਰਖ" ਲਿਖਿਆ ਹੈ ਸਚਮੁਚ ਹੀ ਅਕਾਲ ਪੁਰਖ ਸਭ ਤੋਂ ਵੱਡਾ ਕਿਰਤੀ ਹੈ। ਕਰਤਾ ਕਰਤਾਰ ਹੈ, ਉਚੱਤਮ ਕਲਾਕਾਰ ਹੈ, ਵਿਲਖਨ ਸ਼ਿਲਪਕਾਰ ਹੈਝ ਸ੍ਰਿਸ਼ਟੀ ਪ੍ਰਕਿਰਤੀ ਅਰਥਾਤ ਤ੍ਰਿਭਵਨ ਉਸ ਅਕਾਲ -ਪੁਰਖ ਦੀ ਸਾਜੀ -ਸਵਾਰੀ ਅਤੇ ਸ਼ਿੰਗਾਰੀ, ਅਨਮੋਲ, ਅਦਭੁਤ ਅਤੇ ਚਮਤਕਾਰੀ ਕਿਰਤ ਹੀ ਹੈ। ਗੁਰੂ ਸਾਹਿਬ ਫਰਮਾਉਂਦੇ ਹਨ –

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
(ਅੰਗ ੬)

ਅਤੇ ਉਹ ਇਸ ਨੂੰ ਬਣਾਦਾ ਅਤੇ ਢਾਉਂਦਾ ਰਹਿੰਦਾ ਹੈ। ਏਹ ਉਸਦੀ ਖੇਡ ਹੈ। ਗੁਰਮੱਤ ਦਾ ਮੁਖ ਉਦੇਸ਼ ਪ੍ਰਭੂ ਦੀ ਪ੍ਰਾਪਤੀ ਹੈ। ਜੀਵਨ ਨਿਰਵਾਹ ਦੀ ਖਾਤਿਰ ਕੰਮ ਕਰਦਿਆਂ ਜੀਵ ਨੇ ਇਸ ਉਦੇਸ਼ ਨੂੰ ਹਮੇਸ਼ਾ ਸਾਹਮਣੇ ਰੱਖਣਾ ਹੈ। ਸਿਰਫ ਦੁਨਿਆਵੀ ਕੰਮਾਂ ਕਾਰਾਂ ਵਿੱਚ ਹੀ ਉਲਝ ਕੇ ਨਹੀਂ ਰਹਿ ਜਾਣਾ ਹੈ।

"ਗੁਰਮਤ" ਅਤੇ "ਕਾਰਲ ਮਾਰਕਸ" ਦੇ ਵਿਚਾਰਾਂ ਵਿੱਚ ਇਸ ਪੱਖ ਤੋਂ ਬੜਾ ਅੰਤਰ ਹੈ।ਕਾਰਲ ਮਾਰਕਸ ਕੇਵਲ ਸਮਾਜਵਾਦ ਅਤੇ ਦੁਨਿਆਵੀ ਕੰਮਾਂ ਦੀ ਪ੍ਰੋੜਤਾ ਕਰਦਾ ਹੈ, ਉਹ ਈਸ਼ਵਰ ਨੂੰ ਮੰਨਦਾ ਅਤੇ ਸਿਰਫ ਪਦਾਰਥ ਤਕ ਹੀ ਸੀਮਿਤ ਹੈ ਝ ਗੁਰਮਤ ਦਾ ਦ੍ਰਿਸ਼ਟੀਕੋਣ ਸਮਾਜਵਾਦ ਵਾਂਗ ਇਕ ਪਦਾਰਥ ਤਕ ਹੀ ਸੀਮਿਤ ਨਹੀਂ ਹੈਝ ਗੁਰਮਤ ਅਨੁਸਾਰ ਮਨੁੱਖ ਦੀ ਆਤਮਾ ਅਤੇ ਸਰੀਰ ਦੋਹਾਂ ਨੂੰ ਬਲਵਾਨ ਬਣਾਨਾ ਹੈ। ਗੁਰੂ ਦਾ ਆਸ਼ਾ ਜੀਵ ਦੇ ਦੋਵੇਂ ਲੋਕਾਂ ਨੂੰ ਸੁਹੇਲਾ ਕਰਨਾ ਹੈ। ਇਸ ਲਈ ਮਨੁੱਖ ਨੂੰ ਕਿਰਤ ਕਰਦਿਆਂ ਆਪਣਾ ਚਿੱਤ ਨਿਰੰਜਨ ਨਾਲ ਜੋੜੀ ਰੱਖਣਾ ਹੈ। ਗੁਰਬਾਣੀ ਦਾ ਮਹਾਂਵਾਕ ਹੈ – **ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥ ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥** (ਅੰਗ ੧੩੭੫-੭੬)

ਅਧਿਆਤਮ ਅਤੇ ਨੈਤਿਕਤਾ ਦੇ ਰੰਗ ਵਿੱਚ ਰੰਗੇ ਜਾਨ ਨਾਲ ਮਨੁੱਖ ਦਾ ਸੰਸਾਰੀ ਕਾਰਜ ਵੀ ਇੱਕ ਸੁਕਰਿਤ ਭਾਉ ਵਾਲਾ ਸੁੱਚੀ ਕਿਰਤ ਬਣ ਜਾਂਦਾ ਹੈ। ਇਸ ਤਰ੍ਹਾਂ ਦੇ ਮਨੁੱਖ ਦਾ ਆਸ਼ਾ ਕਿਰਤ ਕਰਕੇ ਮੁਨਾਫਾ ਕਮਾਉਣਾ ਜਾਂ ਵੱਧ ਤੋਂ ਵੱਧ ਧਨ ਜੋੜਨਾ ਨਹੀਂ ਹੁੰਦਾ, ਉਹ ਤਾਂ ਕਿਰਤ ਬਸ ਇਸ ਲਈ ਕਰਦਾ ਹੈ ਕਿ ਦੁਨੀਆ ਤੇ ਬੋਝ ਨਾ ਬਣੇ ਅਤੇ ਲੋੜਵੰਦਾਂ ਦੀ ਸਹਾਇਤਾ ਕਰੇ। ਭਾਈ ਗੁਰਦਾਸ ਜੀ ਨੇ ਲਿਖਿਆ ਹੈ –

**ਹੱਥੀ ਕਾਰ ਕਮਾਵਣੀ ਪੈਰੀ ਚਲ ਸਤਿਸੰਗਿ ਮਿਲੇਹੀ।**
**ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰ ਕਰੇਹੀ।**
(ਭਾ: ਗੁ: ਵਾਰ: ੧, ਪਉੜੀ: ੩)

ਗੁਰੂ ਨਾਨਕ ਸਾਹਿਬ ਜੀ ਦਾ ਦਰਸਾਇਆ ਕਿਰਤ ਦੀ ਮਹੱਤਤਾ ਦਾ ਮਾਰਗ ਅੱਜ ਦੇ ਯੁਗ ਵਿੱਚ ਵੀ ਮਹੱਤਾ ਰੱਖਦਾ ਹੈ।

ਅੱਜ ਸਾਡੀ ਨੌਜਵਾਨ ਪੀੜੀ ਹੱਥੀ ਕਿਰਤ ਕਰਨ ਨੂੰ ਆਪਣੀ ਸ਼ਾਨ ਦੇ ਖ਼ਿਲਾਫ਼ ਸਮਝਦੀ ਹੈ ਅਤੇ ਕਿਰਤ ਤੋਂ ਗੁਰੇਜ ਕਰਦੀ ਹੈ। ਇਸ ਕਾਰਨ ਸਾਡਾ ਸਮਾਜ ਕਮਜ਼ੋਰ ਹੁੰਦਾ ਜਾ ਰਿਹਾ ਹੈ। ਸਾਡੇ ਨੌਜਵਾਨਾਂ ਨੂੰ ਜੇ ਆਪਣਾ ਭਵਿੱਖ ਸੁਧਾਰਨਾ ਹੈ ਤੇ ਉਹਨਾਂ ਨੂੰ ਮੁਸ਼ੱਕਤ ਤੇ ਕਿਰਤ ਕਰਨ ਦੀ ਆਦਤ ਬਣਾਉਣੀ ਹੋਵੇਗੀ। ਇਹ ਸਦੀ ਦਾ ਮੁੱਖ ਏਜੰਡਾ ਹੈ ਕਿ "ਵੱਡਾ ਸੋਚੋ" ਤੇ "ਬਿਹਤਰ ਕਰੋ"– ਕਾਮ ਜਿੰਦਗੀ ਦਾ ਆਧਾਰ ਹੈ ਤੇ ਕਾਮ ਦੇ ਬਿਨਾ ਜਿੰਦਗੀ ਜੀਉਣ ਯੋਗ ਨਹੀਂ ਰਹਿੰਦੀ। ਮਹਾਨ ਵਿਅਕਤੀ ਜ਼ਿੰਦਗੀ ਚ ਉਦੇਸ਼ ਰੱਖਦੇ ਹਨ ਤੇ ਕਾਮ ਨੂੰ ਆਪਣਾ ਧਰਮ ਸਮਝਦੇ ਹਨ। ਜਦੋਂ ਕਿ ਸਧਾਰਨ ਵਿਅਕਤੀ ਦੇ ਜੀਵਨ ਵਿੱਚ ਸਿਰਫ ਇੱਛਾਵਾਂ ਹੀ ਹੁੰਦੀਆਂ ਹਨ। ਭੁਲਾਂ-ਚੁਕਾਂ ਦੀ ਖਿਮਾ ਜੀ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

---

* ਰਾਂਚੀ, ਝਾਰਖੰਡ, ਮੋ: 9934785854

## Canada Announces New Verification Process & Rules to Protect from Fraud




Canada has announced several measures to protect international students from fraud. One of the key changes is that post-secondary designated learning institutions (DLI) will be required to confirm every applicant's letter of acceptance through a new verification process before a study permit is issued starting December 1.

In a statement, the Canada government said the country is a top destination choice for international students, but they have also experienced some serious challenges navigating Canada's international student programme.

# HERITAGE

## ਸਿੱਖਿਆ ਜਾਂ ਪੜ੍ਹਾਈ ਦਾ ਮਹੱਤਵ......!

– ਸਿਮਰਨ ਕੌਰ




ਸਿੱਖਿਆ ਦਾ ਹਰ ਇਨਸਾਨ ਦੇ ਜੀਵਨ ਵਿੱਚ ਬਹੁਤ ਵੱਡਾ ਮਹੱਤਵ ਹੈ। ਇਹ ਇੱਕ ਹਥਿਆਰ ਹੈ ਜੋ ਸਾਨੂੰ ਮੁਸ਼ਕਲਾਂ ਨਾਲ ਲੜਨ ਵਿੱਚ ਸਹਾਇਤਾ ਕਰਦਾ ਹੈ। ਇਹ ਸਾਡੀ ਸਹੀ-ਗਲਤ ਵਿਚਕਾਰ ਅੰਤਰ ਨੂੰ ਸਮਝਣ ਦੀ ਤਾਕਤ ਨੂੰ ਵਿਕਸਿਤ ਕਰਦਾ ਹੈ। ਸਿੱਖਿਆ ਤੋਂ ਬਗੈਰ ਮਨੁੱਖੀ ਜੀਵਨ ਪਸ਼ੂਆਂ ਦੇ ਜੀਵਨ ਦੇ ਸਮਾਨ ਹੈ। ਸਿੱਖਿਆ ਪ੍ਰਾਪਤ ਇਨਸਾਨ ਦੇ ਨਜ਼ਰੀਏ ਅਤੇ ਵਿਹਾਰਕ ਪੱਧਰ ਵਿੱਚ ਕਾਫੀ ਵਿਸ਼ਾਲਤਾ ਹੁੰਦੀ ਹੈ ਅਤੇ ਇਸ ਕਾਰਨ ਹੀ ਸਿੱਖਿਆ ਨੂੰ ਇਨਸਾਨ ਦੀ ਜ਼ਿੰਦਗੀ ਵਿੱਚ ਤੀਜੇ ਨੇਤਰ ਦਾ ਦਰਜਾ ਹਾਸਿਲ ਹੈ। ਸਿੱਖਿਆ ਨਾਲ ਮਨੁੱਖ ਦੀ ਕਾਬਲੀਅਤ ਅਤੇ ਹੁਨਰ ਵਿੱਚ ਨਿਖਾਰ ਆ ਜਾਂਦਾ ਹੈ। ਕਿਸੇ ਵੀ ਦੇਸ਼ ਦਾ ਆਰਥਿਕ ਵਿਕਾਸ ਚੰਗੀ ਸਿਹਤ ਅਤੇ ਸਿੱਖਿਆ ਪ੍ਰਣਾਲੀ 'ਤੇ ਨਿਰਭਰ ਕਰਦਾ ਹੈ। ਗੁਰਬਾਣੀ ਸੇਧ ਦੇ ਰਹੀ ਹੈ **ਵਿਦਿਆ ਵੀਚਾਰੀ ਤਾਂ ਪਰਉਪਕਾਰੀ।**

ਸਿੱਖਿਆ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਗਿਆ ਹੈ— ਪ੍ਰਾਇਮਰੀ, ਸਕੈਂਡਰੀ ਅਤੇ ਉੱਚ ਸਿੱਖਿਆ। ਪ੍ਰਾਇਮਰੀ ਸਿੱਖਿਆ ਉਹ ਬੁਨਿਆਦ ਹੈ ਜੋ ਪੂਰੇ ਜੀਵਨ ਕਾਲ ਵਿੱਚ ਕੰਮ ਆਉਂਦੀ ਹੈ ਅਤੇ ਅਗਲੀ ਪੜ੍ਹਾਈ ਦੇ ਰਾਹ ਖੋਲਦੀ ਹੈ। ਸਕੈਂਡਰੀ ਅਤੇ ਉੱਚ ਸਿੱਖਿਆ ਜੀਵਨ ਤੇ ਭਵਿੱਖ ਦੇ ਰਾਹ ਨੂੰ ਬਣਾਉਂਦੀ ਹੈ। ਇਹਨਾਂ 'ਤੇ ਹੀ ਇਹ ਨਿਰਭਰ ਕਰਦਾ ਹੈ ਕਿ ਅਸੀਂ ਭਵਿੱਖ ਵਿੱਚ ਕਿਸ ਤਰ੍ਹਾਂ ਦੇ ਇਨਸਾਨ ਬਣਦੇ ਹਾਂ। ਤਜ਼ਰਬਾ ਸਿੱਖਿਆ ਦਾ ਮਹੱਤਵਪੂਰਨ ਹਿੱਸਾ ਹੈ ਜੋ ਹਰ ਰੋਜ਼, ਹਰ ਪਲ ਸਾਨੂੰ ਕੁਝ ਨਾ ਕੁਝ ਸਿੱਖਣ ਵਿੱਚ ਮਦਦ ਕਰਦਾ ਹੈ, ਜੋ ਕਿ ਕਿਤਾਬੀ ਗਿਆਨ ਦੁਆਰਾ ਸੰਭਵ ਨਹੀਂ ਹੋ ਸਕਦਾ। ਇਸ ਕਰਕੇ ਹੀ ਕਿਤਾਬੀ ਗਿਆਨ ਅਤੇ ਤਜ਼ਰਬਾ ਦੋਨਾਂ ਦੇ ਸੁਮੇਲ ਨੂੰ ਸਹੀ ਅਰਥਾਂ ਵਿੱਚ ਸਿੱਖਿਆ ਕਿਹਾ ਜਾਂਦਾ। ਸਿੱਖਿਆ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਕੁਝ ਸਰਕਾਰਾਂ ਅਤੇ ਸੰਯੁਕਤ ਰਾਸ਼ਟਰ ਦੁਬਾਰਾ ਸਿੱਖਿਆ ਦੇ ਅਧਿਕਾਰ ਨੂੰ ਵੀ ਸੰਵਿਧਾਨ ਵਿੱਚ ਵੀ ਮਾਨਤਾ ਦਿੱਤੀ ਗਈ ਹੈ। ਆ ਕੇ ਦੇਸ਼ ਦਾ ਆਉਣ ਵਾਲਾ ਭਵਿੱਖ ਸੁਨਹਿਰੀ ਹੋ ਸਕੇ.....! ਧੰਨਵਾਦ।

**– ਸਿੱਖ ਐਜੂਕੇਸ਼ਨ ਬੈਲਜੀਅਮ**

## ਗਦਾ

gadā



Sanskrit, Noun

ਗੁਰਜ਼, ਮੂਸਲ

Mace, Spiked club

ਗਰੀਬੀ **ਗਦਾ** ਹਮਾਰੀ ॥
Humility is my **spiked club.**
(Guru Arjun Dev Ji - Ang 628)

ਨ ਸੰਖੰ ਨ ਚਕ੍ਰੰ ਨ **ਗਦਾ** ਨ ਸਿਆਮੰ ॥
God has no conch-shell, no chakra (discus), no **mace**; he does not have dark skin.
(Guru Arjun Dev Ji - Ang 1359)

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰਬਾਣੀ ਦੇ ਚਾਨਣ ਵਿਚ ਕਿਸੀ ਇਤਿਹਾਸਕ ਗੁਰਦੁਆਰੇ ਵਿੱਚ ਗੁਰਪੁਰਬ ਸਮੇਂ 4 ਲਖ ਦੀਵੇ ਜਗਾਉਣੇ ਕਿਸ ਤਰਾਂ ਕਰਮ ਕਾਂਡ ਹੈ?**

a. ਇਹ ਕੋਮੀ ਦਸਵੰਧ ਦੀ ਦੁਰਵਰਤੋਂ ਹੈ
b. ਵਾਤਾਵਰਣ ਦੂਸ਼ਿਤ ਹੋਵੇਗਾ
c. ਇਹ ਪੈਸਾ ਲੋੜਵੰਦਾਂ ਦੀ ਮਦਦ ਤੇ ਖਰਚ ਹੋਣਾ ਚਾਹੀਦਾ
d. ਇਹ ਸਾਰੇ ਕਾਰਣਾ ਕਰਕੇ

**2. ਗੁਰਬਾਣੀ ਵਿੱਚ ਆਏ ਮੰਤਰ ਸ਼ਬਦ ਦਾ ਕੀ ਅਰਥ ਹੈ?**

a. ਕੋਈ ਟੋਟਕਾ
b. ਗੁਰੂ ਦੀ ਸਿਖਿਆ
c. ਵਸ ਕਰਨ ਦਾ ਤਰੀਕਾ
d. ਰਟਨ ਲਈ ਸ਼ਬਦ

**3. ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਅੰਕਾ ਤੇ ਨਿਤਨੇਮ ਦੀ ਕਿਹੜੀਆਂ ਬਾਣੀ ਸੁਸ਼ੋਭਿਤ ਹਨ?**

a. ਜਪੁ
b. ਸੋਦਰ ਸੋ ਪੁਰਖੁ
c. ਸੋਹਿਲਾ
d. ਇਹ ਸਾਰੀਆਂ

**4. ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸਮੁੱਚੇ ਰੂਪ ਵਿੱਚ ਮਨੁੱਖਤਾ ਨੂੰ ਕੀ ਸੰਦੇਸ਼ ਦਿੰਦੀ ਹੈ?**

a. ਉਪਰਾਮਤਾ
b. ਵੈਰਾਗ
c. ਸੰਨਿਆਸ
d. ਸਫਲ ਜੀਵਨ ਜੀਊਣ ਦਾ ਤਰੀਕਾ ਤੇ ਸੰਦੇਸ਼

(ਦੇਖੋ ਉੱਤਰ ਪੰਨਾ 4 'ਤੇ)

Explore the World with
Amar Holidays Pvt. Ltd.

*Gurpreet Singh*
Director

(India) : +91 9810210366
(Canada) : +1 778 970 6660
(Whatsapp Call Only)

AMAR HOLIDAYS PVT. LTD.
Amar Tour & Travels (Since 1998)
Call For Domestic & International Ticket & Tour Packages Also
Best Deals For : USA, CANADA, EUROPE, LONDON, AUSTRALIA & NEW ZELAND, WORLD WIDE HOTEL BOOKING
E-mail : gurpreet@amarholidays.com
Website : www.amarholidays.com

Ready to embark on unforgettable adventures? Look no further! *Amar Holiday* is here to turn your wanderlust into reality. With our exceptional travel services and expertise, we are committed to curating the most extraordinary experiences just for you. Get ready to create memories that will last a lifetime!

## *Discover Potential Unlock Success*



Narinder Pal Singh

We welcome S. Narinder Pal Singh, Career Counselor, Corporate Trainer and Business Development Strategist to our team. He will be contributing articles specially for youth. We hope that readers will be enriched by his vast experience in the field. -Chief Editor.

### Topic – Career

Definition of Career - The word "career" ultimately derives from Latin carrus, referring to a chariot. Career means course of one's public or professional life.

What is Career - a job or profession that somebody has been trained for and does for a long time.

Career can be defined as the journey of our work-life. It is what we do and forms an important part of our life's goals and objectives. Having a desirable career and managing it well is extremely important for a sense of fulfillment and to lead the best life possible.

A career is the variety of experiences that one has to undertake throughout the life. Based on more experience in the worlds of work & life, we build our career. Our career path takes account of our education, training and paid or unpaid work.

A career increases the likelihood that you will earn higher pay or money and better benefits. You will be of greater value to employers or own business as you progress in your career, rewards will follow you.

### Importance of Career

Career is a very important thing in one's life. Whatever career path you choose to follow, it will impact your life greatly. Your career will define your status in a society in addition to your lifestyle.

### What is more important for career?

Build Reputation and Develop Trust. Your reputation is the most precious thing you own in developing a career. You must be known for being a reliable, professional, and helpful individual.

In the next article, will share more dimensions about Importance or Benifit of Career.

**If Opportunity Doesn't Knock, Build A Door**

◆◆◆

## ਕੈਨੇਡਾ ਵਿਚ ਭਾਰਤੀ ਵੀਜ਼ੇ ਲਈ ਦਰਖ਼ਾਸਤ ਦੇਣ ਵਾਲਿਆਂ ਦੀਆਂ ਕਤਾਰਾਂ ਹੋਈਆਂ ਲੰਬੀਆਂ




ਕੈਨੇਡਾ-ਭਾਰਤ ਸਬੰਧਾਂ ਵਿੱਚ ਪਿਛਲੇ ਮਹੀਨੇ ਪੈਦਾ ਹੋਈ ਕੁੜੱਤਣ ਮਗਰੋਂ ਮੁਅੱਤਲ ਹੋਈਆਂ ਵੀਜ਼ਾ ਸੇਵਾਵਾਂ ਬੀਤੇ ਦਿਨ ਤੋਂ ਮੁੜ ਸ਼ੁਰੂ ਹੋਣ ਮਗਰੋਂ ਦਰਖ਼ਾਸਤ ਦੇਣ ਵਾਲਿਆਂ ਦੀਆਂ ਕਤਾਰਾਂ ਲੰਬੀਆਂ ਹੁੰਦੀਆਂ ਜਾ ਰਹੀਆਂ ਹਨ। ਲੋਕ ਆਊਟ-ਸੋਰਸ ਏਜੰਸੀ ਦੇ ਅਮਲੇ ਖ਼ਿਲਾਫ਼ ਮਨਮਰਜ਼ੀ ਅਤੇ ਜਾਣ-ਬੁੱਝ ਕੇ ਪ੍ਰੇਸ਼ਾਨ ਕਰਨ ਦੀਆਂ ਸ਼ਿਕਾਇਤਾਂ ਕਰਨ ਲੱਗੇ ਹਨ। ਅਮਲੇ ਵੱਲੋਂ ਲੋਕਾਂ ਨੂੰ ਲਾਈਨ ਵਿੱਚ ਲੱਗਣ ਦੀ ਥਾਂ ਦਸਤਾਵੇਜ਼ ਘਰ ਪਹੁੰਚਾਉਣ ਦੀ ਪੇਸ਼ਕਸ਼ ਵੀ ਦਿੱਤੀ ਜਾ ਰਹੀ ਹੈ। ਹਾਲਾਂਕਿ ਦਿਨ ਭਰ ਉਡੀਕ ਕਰਨ ਮਗਰੋਂ ਵਾਰੀ ਨਾ ਆਉਣ 'ਤੇ ਪ੍ਰੇਸ਼ਾਨ ਕੁੱਝ ਜਣਿਆਂ ਨੇ ਸ਼ਿਕਾਇਤਾਂ ਵੀ ਦਰਜ ਕਰਾਈਆਂ ਹਨ, ਜਿਨ੍ਹਾਂ ਨੂੰ ਅਜੇ ਤਕ ਗੌਲਿਆ ਨਹੀਂ ਗਿਆ।


## SIKH MATRIMONIALS

Gursikh BDS girl doing job as Dental Surgeon 24/ 4'9" seeking match from Abroad/ India. Elder sister married in USA. Contact Mother +91 7404161609

Gursikh Girl 31/5'3"/MBA/Working in Infosys as SAP HANA Consultant/12 Lac/Faith in Guru Granth Sahib only/ Contact +91 8692990972

Gursikh Boy 26/5'6"/US Citizen /Working as Attorney/Income 6 Figures/ Family Business of Gas Station & Catering Contact+16304015980

Gursikh Jat Sikh girl 31/5'6"/MTech/Working as Database administrator in Toronto/Canada PR/ Contact +1 4379733288


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. B 3. D 4. D

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Gurpardeep Singh (Canada)



email: canadasikhtimes@gmail.com, M: +1 437 673 7555